
ਮੈਂ
ਪੰਜਾਬ
ਬੋਲਦਾ ਹਾਂ



**ਸ. ਭਗਵੰਤ ਸਿੰਘ ਮਾਨ**

**ਮੁੱਖ ਮੰਤਰੀ, ਪੰਜਾਬ**

ਮੁੱਖ ਮੰਤਰੀ, ਪੰਜਾਬ

# ਸ. ਭਗਵੰਤ ਸਿੰਘ ਮਾਨ

ਦੀ

## ਨੇਕ ਨੀਅਤ

ਅਤੇ

## 18 ਮਹੀਨੇ ਦੇ

## ਸੁਚੱਜੇ ਸ਼ਾਸਨ

ਦੀਆਂ ਪ੍ਰਾਪਤੀਆਂ

# ਤਤਕਰਾ


| ਲੜੀ ਨੰਬਰ | ਵਿਸ਼ਾ | ਪੰਨਾ |
|---|---|---|
| 1. | ਐਸ.ਵਾਈ.ਐਲ. (SYL) ਨਹਿਰ | 1 |
| 2. | ਜਲ ਸਰੋਤ ਵਿਭਾਗ, ਪੰਜਾਬ | 20 |
| 3. | ਵਿੱਤ ਵਿਭਾਗ | 28 |
| 4. | ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ | 32 |
| 5. | ਪ੍ਰਸੋਨਲ | 34 |
| 6. | ਇਨਵੈਸਟ ਪੰਜਾਬ ਅਤੇ ਉਦਯੋਗ ਤੇ ਕਾਮਰਸ ਵਿਭਾਗ | 37 |
| 7. | ਬਿਜਲੀ ਵਿਭਾਗ | 42 |
| 8. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ | 49 |
| 9. | ਸਕੂਲ ਸਿੱਖਿਆ ਵਿਭਾਗ, ਪੰਜਾਬ | 53 |
| 10. | ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ | 57 |

| ਲੜੀ ਨੰਬਰ | ਵਿਸ਼ਾ | ਪੰਨਾ |
|---|---|---|
| 11. | ਖੇਡ ਵਿਭਾਗ, ਪੰਜਾਬ | 70 |
| 12. | ਰੱਖਿਆ ਸੇਵਾਵਾਂ ਭਲਾਈ ਵਿਭਾਗ | 74 |
| 13. | ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ | 77 |
| 14. | ਸਥਾਨਕ ਸਰਕਾਰ ਵਿਭਾਗ | 83 |
| 15. | ਟਰਾਂਸਪੋਰਟ ਵਿਭਾਗ | 85 |
| 16. | ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲੇ | 90 |
| 17. | ਮਾਈਨਿੰਗ ਵਿਭਾਗ | 94 |
| 18. | ਸ਼ਹਿਰੀ ਹਵਾਬਾਜ਼ੀ ਵਿਭਾਗ, ਪੰਜਾਬ | 98 |
| 19. | ਖੁਰਾਕ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ | 103 |

## ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰਾ

- ਪੂਰੇ ਭਾਰਤ ਲਈ ਰਾਜਾਂ ਵਿਚਕਾਰ ਪਾਣੀਆਂ ਦੇ ਝਗੜਿਆਂ ਨਾਲ ਨਜਿੱਠਣ ਲਈ ਸਿਰਫ਼ ਇੱਕ ਹੀ ਐਕਟ "Inter State River Water Disputes Act, 1956" ਲਾਗੂ ਹੈ। ਪ੍ਰੰਤੂ ਪੰਜਾਬ ਹੀ ਇੱਕ ਅਜਿਹਾ ਸੂਬਾ ਹੈ, ਜਿੱਥੇ ਪੰਜਾਬ ਅਤੇ ਹਰਿਆਣਾ ਵਿਚਕਾਰ ਪਾਣੀ ਦੀ ਵੰਡ ਲਈ "ਪੰਜਾਬ ਪੁਨਰਗਠਨ ਐਕਟ, 1966" ਵਿੱਚ ਇੱਕ ਵੱਖਰੀ ਵਿਵਸਥਾ ਕੀਤੀ ਗਈ ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਹਰ ਸਮੇਂ ਵਿਤਕਰਾ ਕੀਤਾ ਜਾਂਦਾ ਰਿਹਾ ਹੈ।

# ਐਸ.ਵਾਈ.ਐਲ. (SYL) ਨਹਿਰ

## ਗਿਆਨੀ ਜ਼ੈਲ ਸਿੰਘ, ਮੁੱਖ ਮੰਤਰੀ (ਕਾਂਗਰਸ) ਦਾ ਕਾਰਜਕਾਲ

- ਪੰਜਾਬ ਪੁਨਰਗਠਨ ਐਕਟ, 1966 ਅਨੁਸਾਰ ਸਾਰੀਆਂ ਸੰਪਤੀਆਂ (assets) ਦੀ ਵੰਡ ਪੰਜਾਬ ਅਤੇ ਹਰਿਆਣਾ ਦਰਮਿਆਨ 60:40 ਦੇ ਅਨੁਪਾਤ ਵਿੱਚ ਕੀਤੀ ਗਈ ਸੀ।
- ਪਰ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ 24.3.1976 ਨੂੰ ਨੋਟੀਫ਼ਿਕੇਸ਼ਨ ਰਾਹੀਂ ਰਾਵੀ-ਬਿਆਸ ਦੇ ਪਾਣੀਆਂ ਦੀ ਧੱਕੇ ਨਾਲ ਪੰਜਾਬ ਅਤੇ ਹਰਿਆਣਾ ਵਿਚਕਾਰ 50:50 ਦੇ ਹਿਸਾਬ ਨਾਲ ਵੰਡ ਕੀਤੀ, ਜੋ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਸੀ।
- ਤਤਕਾਲੀ ਕਾਂਗਰਸੀ ਮੁੱਖ ਮੰਤਰੀ ਹੋਣ ਕਾਰਨ ਉਨ੍ਹਾਂ ਨੇ ਪੰਜਾਬ ਦੇ ਹਿੱਤਾਂ ਨੂੰ ਕੋਈ ਤਵੱਜੋ ਨਾ ਦਿੰਦੇ ਹੋਏ ਕੇਂਦਰ ਸਰਕਾਰ ਦੇ ਪੱਖ ਵਿੱਚ ਕਰਵਾਈ ਕੀਤੀ।
- ਸਿਰਫ ਇਹੀ ਨਹੀਂ, ਬਲਕਿ ਮਿਤੀ 16.11.1976 ਨੂੰ ਤਤਕਾਲੀ ਮੁੱਖ ਮੰਤਰੀ ਨੇ ਹਰਿਆਣਾ ਤੋਂ 1 ਕਰੋੜ ਰੁਪਏ ਦਾ ਚੈੱਕ ਪ੍ਰਾਪਤ ਕਰਕੇ ਐਸ.ਵਾਈ.ਐਲ. ਦੇ ਨਿਰਮਾਣ ਨੂੰ ਹੋਰ ਤੇਜ਼ ਕੀਤਾ।

# ਐਸ.ਵਾਈ.ਐਲ. (SYL) ਨਹਿਰ

**ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ (ਸ਼੍ਰੋਮਣੀ ਅਕਾਲੀ ਦਲ) ਦਾ ਕਾਰਜਕਾਲ**

- ਸ. ਪ੍ਰਕਾਸ਼ ਸਿੰਘ ਬਾਦਲ ਨੇ 1977 ਵਿੱਚ ਸਰਕਾਰ ਬਣਾਈ ਅਤੇ ਉਹ 20 ਜੂਨ, 1977 ਤੋਂ 17 ਫ਼ਰਵਰੀ, 1980 ਤੱਕ 3 ਸਾਲ ਸੱਤਾ ਵਿੱਚ ਰਹੇ।
- ਇਸ ਸਮੇਂ ਦੌਰਾਨ ਬਾਦਲ ਸਰਕਾਰ ਨੇ ਇੱਕ ਵਾਰ ਵੀ ਐਸ.ਵਾਈ.ਐਲ. ਰਾਹੀਂ ਹਰਿਆਣਾ ਨੂੰ ਪਾਣੀ ਦੇਣ ਦੇ ਕੰਮ ਨੂੰ ਰੋਕਿਆ ਨਹੀਂ ਗਿਆ।
- ਸਗੋਂ ਤਤਕਾਲੀ ਮੁੱਖ ਮੰਤਰੀ ਨੇ ਪੱਤਰ ਨੰਬਰ 23617 ਮਿਤੀ 04.7.1978 ਰਾਹੀਂ SYL ਦੀ ਉਸਾਰੀ ਲਈ ਹੋਰ 3 ਕਰੋੜ ਰੁਪਏ ਦੀ ਰਾਸ਼ੀ ਮੰਗੀ।
- ਮਿਤੀ 31.3.1979 ਨੂੰ ਤਤਕਾਲੀ ਅਕਾਲੀ ਦਲ ਦੀ ਸਰਕਾਰ ਨੇ ਹਰਿਆਣਾ ਸਰਕਾਰ ਕੋਲੋਂ 1.5 ਕਰੋੜ ਰੁਪਏ ਦੀ ਰਾਸ਼ੀ ਐਸ.ਵਾਈ.ਐਲ. ਨਹਿਰ ਬਣਾਉਣ ਲਈ ਪ੍ਰਾਪਤ ਕੀਤੀ।

# ਐਸ.ਵਾਈ.ਐਲ. (SYL) ਨਹਿਰ

- ਸ. ਪ੍ਰਕਾਸ਼ ਸਿੰਘ ਬਾਦਲ ਨੇ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਲੋੜੀਂਦੀ ਜ਼ਮੀਨ ਬਹੁਤ ਘੱਟ ਸਮੇਂ ਵਿੱਚ ਐਕਵਾਇਰ ਕਰ ਲਈ। ਇਸ ਤਰ੍ਹਾਂ ਦੀ ਕੀ Urgency ਸੀ?
- ਅਕਾਲੀ ਦਲ ਦੀ ਹਰਿਆਣਾ ਸਰਕਾਰ ਨਾਲ ਮਿਲੀਭੁਗਤ ਇਸ ਤੱਥ ਵੀ ਤੋਂ ਸਪੱਸ਼ਟ ਹੁੰਦੀ ਹੈ ਕਿ ਵਿਧਾਨ ਸਭਾ ਸੈਸ਼ਨ ਜੋ (1.3.1978 ਤੋਂ 7.3.1978 ਤੱਕ ਹੋਇਆ) ਵਿੱਚ ਆਪਣੇ ਸੰਬੋਧਨ ਦੌਰਾਨ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਵੱਲੋਂ ਕਿਹਾ ਗਿਆ ਕਿ:
- *"Due to my personal relation with S. Parkash Singh Badal, Punjab Govt. has acquired the land under Section 4 and Section 17 (emergency clause) for SYL canal and Punjab Government is trying its best for this work."*

# ਐਸ.ਵਾਈ.ਐਲ. (SYL) ਨਹਿਰ

- ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ, 1998 ਵਿੱਚ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਦੁਬਾਰਾ ਮੁੱਖ ਮੰਤਰੀ ਬਣੇ, ਉਹਨਾਂ ਨੇ ਹਰਿਆਣਾ ਨੂੰ ਹੋਰ ਜ਼ਿਆਦਾ ਪਾਣੀ ਦੇਣ ਦੀ ਮਨਸ਼ਾ ਨਾਲ ਬੀ.ਐਮ.ਐਲ. ਨਹਿਰ ਦੇ ਬੈਂਕ ਨੂੰ ਔਸਤਨ 1 ਫੁੱਟ ਉੱਚਾ ਕੀਤਾ ਅਤੇ ਇਸ ਲਈ 45 ਕਰੋੜ ਰੁਪਏ ਵੀ ਹਰਿਆਣਾ ਤੋਂ ਲਏ।
- ਇਹ ਸਿਰਫ਼ ਉਨ੍ਹਾਂ ਨੇ ਆਪਣੇ ਬਾਲਾਸਰ ਫ਼ਾਰਮ, ਜੋ ਹਰਿਆਣਾ ਵਿੱਚ ਹੈ, ਲਈ ਕੀਤਾ।
- ਇਸ ਤਰ੍ਹਾਂ ਬਾਦਲ ਸਰਕਾਰ ਨੇ ਆਪਣੇ ਹਿੱਤਾਂ ਲਈ ਹਰਿਆਣਾ ਨੂੰ ਪਾਣੀ ਦਿੱਤਾ ਅਤੇ ਹਰਿਆਣਾ ਨੇ ਨਹਿਰਾਂ ਬਣਾ ਕੇ ਇਹਨਾਂ ਦੇ ਫ਼ਾਰਮ ਨੂੰ ਪਾਣੀ ਦਿੱਤਾ।
- ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਦੀ ਅਕਾਲੀ ਸਰਕਾਰ ਪੰਜਾਬ ਦੇ ਲੋਕਾਂ ਦੇ ਹਿੱਤਾਂ ਨਾਲ ਧੋਖਾ ਕਰ ਰਹੀ ਸੀ। ਨਿੱਜੀ ਹਿੱਤਾਂ ਨੂੰ ਜਨਤਕ ਹਿੱਤਾਂ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਗਿਆ।

# ਐਸ.ਵਾਈ.ਐਲ. (SYL) ਨਹਿਰ

**ਸ. ਦਰਬਾਰਾ ਸਿੰਘ, ਮੁੱਖ ਮੰਤਰੀ (ਕਾਂਗਰਸ) ਦਾ ਕਾਰਜਕਾਲ**

- ਪਾਣੀਆਂ ਦੀ ਵੰਡ ਬਾਰੇ 31.12.1981 ਦਾ ਸਮਝੌਤਾ ਸ. ਦਰਬਾਰਾ ਸਿੰਘ, ਮੁੱਖ ਮੰਤਰੀ ਪੰਜਾਬ, ਮੁੱਖ ਮੰਤਰੀ ਹਰਿਆਣਾ ਅਤੇ ਮੁੱਖ ਮੰਤਰੀ ਰਾਜਸਥਾਨ ਵਿੱਚਕਾਰ ਸ੍ਰੀਮਤੀ ਇੰਦਰਾ ਗਾਂਧੀ ਦੀ ਹਾਜ਼ਰੀ ਵਿੱਚ ਹਸਤਾਖ਼ਰ ਕੀਤਾ ਗਿਆ। (ਕਾਂਗਰਸ ਪਾਰਟੀ ਕੇਂਦਰ ਵਿੱਚ ਅਤੇ ਤਿੰਨੋਂ ਰਾਜਾਂ ਵਿੱਚ ਸੱਤਾ ਵਿੱਚ ਸੀ।)
- ਕਾਂਗਰਸ ਪਾਰਟੀ ਦੇ ਤਤਕਾਲੀ ਮੁੱਖ ਮੰਤਰੀ ਨੇ ਪੰਜਾਬ ਦੇ ਹਿੱਤਾਂ ਨੂੰ ਅਣਗੌਲਿਆਂ ਕਰਦੇ ਹੋਏ ਕੇਂਦਰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ। ਇਹ ਪੰਜਾਬ ਸਰਕਾਰ ਵੱਲੋਂ ਮਾਣਯੋਗ ਸੁਪਰੀਮ ਕੋਰਟ ਵਿੱਚ ਮੰਨਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਇਹ ਕੇਂਦਰ (ਕਾਂਗਰਸ ਸਰਕਾਰ) ਦੇ ਦਬਾਅ ਹੇਠ ਆ ਕੇ ਕੀਤਾ ਗਿਆ ਹੈ।

# ਐਸ.ਵਾਈ.ਐਲ. (SYL) ਨਹਿਰ

- ਪੰਜਾਬ ਸਰਕਾਰ ਵੱਲੋਂ ਸਾਲ 1997 ਵਿੱਚ ਮਾਣਯੋਗ ਸੁਪਰੀਮ ਕੋਰਟ ਵਿੱਚ ਦਾਇਰ ਕੀਤੇ ਆਪਣੇ ਜਵਾਬ ਵਿੱਚ ਵੀ ਇਹ ਮੰਨਿਆ ਹੈ ਜੋ ਹੇਠ ਅਨੁਸਾਰ ਹੈ:

| ਕੇਸ ਅਤੇ ਪੈਰਾ ਨੰਬਰ | ਹਰਿਆਣਾ ਵੱਲੋਂ ਦਾਇਰ ਕੀਤੀ ਅਰਜ਼ੀ | ਪੰਜਾਬ ਵੱਲੋਂ ਦਿੱਤਾ ਗਿਆ ਜਵਾਬ |
| --- | --- | --- |
| Original suit 6 ਆਫ਼ 1996 ਦਾ ਪੈਰ੍ਹਾ ਨੰਬਰ 38 | *That as stated herein above, untenable objections continued to be raised by the defendant State of Punjab to delay commencing work on the SYL Canal! However, the defendant State of Punjab by its conduct from time to time represented that they wanted to start the work of SYL Canal at the earliest. The defendant State of Punjab accepted a sum of Rs.1 crore in November 18, 1976 to set up the organisation (which they actually did, to undertake the work of investigation and preliminaries. In July 1978, the defendant State of Punjab demanded an additional sum of Rs.3 crores for establishment and for construction work during the first quarter of 1978-79 and accepted a sum of Rs.1.5 crores on March 31, 1979.* | *That in reply to para 38, it is submitted that State of Punjab had to undertake preliminary work on the S.Y.L. Canal under duress and therefore had to accept some money for the purpose. Therefore any thing done under duress loses legal sanctity.* |

# ਐਸ.ਵਾਈ.ਐਲ. (SYL) ਨਹਿਰ

- ਇਸ ਸਮਝੌਤੇ ਤਹਿਤ ਰਾਵੀ-ਬਿਆਸ ਦਾ 75% ਪਾਣੀ ਗ਼ੈਰ-ਰਿਪੇਰੀਅਨ ਰਾਜਾਂ ਭਾਵ ਹਰਿਆਣਾ, ਰਾਜਸਥਾਨ ਨੂੰ ਦਿੱਤਾ ਗਿਆ ਸੀ।

  ਪੰਜਾਬ = 4.22 MAF

  ਹਰਿਆਣਾ = 3.50 MAF

  ਰਾਜਸਥਾਨ = 8.60 MAF

  ਦਿੱਲੀ = 0.2 MAF

  ਜੰਮੂ-ਕਸ਼ਮੀਰ = 0.65 MAF

- ਦਸਤਖ਼ਤ ਕਰਨ ਦੇ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਾਫ਼ੀ ਸਮਾਂ ਹੋਣ ’ਤੇ ਵੀ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ “SYL ਦੇ ਲਾਭਾਂ ਦਾ ਜ਼ਿਕਰ ਕਰਦੇ ਹੋਏ” ਵ੍ਹਾਈਟ ਪੇਪਰ ਲਿਆ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ।

# ਐਸ.ਵਾਈ.ਐਲ. (SYL) ਨਹਿਰ

- ਕਾਂਗਰਸ ਸਰਕਾਰ ਵੱਲੋਂ 1982 ਵਿੱਚ ਜਾਰੀ ਕੀਤੇ ਗਏ ਵ੍ਹਾਈਟ ਪੇਪਰ ਦੀ ਕਾਪੀ ਹੇਠ ਅਨੁਸਾਰ ਹੈ:

GOVERNMENT OF PUNJAB

67

**RAVI—BEAS AGREEMENT**
**1981**
**WHITE PAPER**

CHANDIGARH, 23 APRIL 1982

BENEFIT FROM SYL CANAL

25. The construction of the Sutlej-Yamuna Link Canal has been agreed to as a part of the agreement by the Chief Ministers of the three States. Areas lying on both sides of the proposed Sutlej Yamuna Link Canal in Punjab aggregating to more than 3 lac acres which are not being irrigated by any canal at present, will be covered by canal irrigation through the S.Y.L. Project.

26. A tabulated statement showing the implications of 1976 order and the gains to Punjab of 1981 agreement appears at Annexure VI.

# ਐਸ.ਵਾਈ.ਐਲ. (SYL) ਨਹਿਰ

- ਜਦੋਂ ਕਿ ਸੂਬੇ ਦੇ ਕਿਸਾਨਾਂ ਨੇ ਇਸ ਪ੍ਰਾਜੈਕਟ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ, ਉਦੋਂ ਵੀ ਉਸ ਸਮੇਂ ਸ੍ਰੀਮਤੀ ਇੰਦਰਾ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਮਿਤੀ 08.04.1982 ਨੂੰ ਐਸ.ਵਾਈ.ਐਲ. ਦਾ ਉਦਘਾਟਨ ਬੜੀ ਧੂਮਧਾਮ ਨਾਲ ਕੀਤਾ।



THE TRIBUNE, THURSDAY, APRIL 8, 1982 (5)

Heartiest Welcome
to the dynamic Leader
**Shrimati Indira Gandhi**
Prime Minister of India
on Thursday,
the 8th April, 1982 at 9 AM
at KAPOORI (PATIALA)
to lay the foundation of SYL Canal

Prem Gupta
Chairman

Gurdeep Singh Dhillon
Gurcharan Singh
Jasbir Singh, Advocate
Muni Lal Mehtab
Vice Chairmen

Satwant Singh Mohi
Tek Chand Garg
Surinder Kumar
Amrik Singh Chhina
General Secretaries

Narinder Kumar Modi
Finance Secretary

Surjit Singh—F.C. Bansal
Publicity Secretaries

**Punjab Vikas Sabha**

# ਐਸ.ਵਾਈ.ਐਲ. (SYL) ਨਹਿਰ

**ਰਾਸ਼ਟਰਪਤੀ ਰਾਜ (6.10.1983 ਤੋਂ 29.9.1985):**

- ਇੱਥੋਂ ਤੱਕ ਕਿ ਰਾਸ਼ਟਰਪਤੀ ਸ਼ਾਸਨ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਰਾਜੀਵ ਗਾਂਧੀ ਅਤੇ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ 24.7.1985 ਨੂੰ ਰਾਜੀਵ-ਲੌਂਗੋਵਾਲ ਵਿਚਾਲੇ ਸਮਝੌਤੇ 'ਤੇ ਦਸਤਖ਼ਤ ਕਰਕੇ ਐਸ.ਵਾਈ.ਐਲ. ਨਹਿਰ ਦੀ ਉਸਾਰੀ ਨੂੰ ਹੋਰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ।
- ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ 11 ਪੈਰੇ ਸਨ ਜਿਨ੍ਹਾਂ 'ਤੇ ਕਾਰਵਾਈ ਹੋਣੀ ਸੀ। ਸਿਰਫ਼ ਦਰਿਆ ਪਾਣੀਆਂ ਨਾਲ ਸਬੰਧਤ ਪੈਰੇ ਬਾਰੇ ਹੀ ਕਾਰਵਾਈ ਕੀਤੀ ਗਈ ਹੈ (ਉਹ ਵੀ ਹਰਿਆਣਾ ਸਰਕਾਰ ਵੱਲੋਂ) ਜਦੋਂ ਕਿ ਬਾਕੀ ਸਾਰੇ ਮੁੱਦਿਆਂ ਬਾਰੇ ਪੰਜਾਬ ਦੀਆਂ ਸਰਕਾਰਾਂ ਚੁੱਪ ਚਾਪ ਰਹੀਆਂ ਅਤੇ ਕੇਂਦਰ ਸਰਕਾਰ ਨੇ ਇਸ ਸਬੰਧੀ ਕੁਝ ਵੀ ਕਰਕੇ ਨਹੀਂ ਦਿੱਤਾ।
- ਇਸ ਐਕੋਡ ਵਿੱਚ ਜਿਹੜੇ ਮੁੱਦੇ ਦਾ ਫ਼ਾਇਦਾ ਹਰਿਆਣੇ ਨੂੰ ਮਿਲਣਾ ਸੀ (ਪਾਣੀਆਂ ਦਾ ਮੁੱਦਾ) ਉਸ ਨੂੰ ਹਰਿਆਣੇ ਦੁਆਰਾ ਹਰ ਫਾਰਮ ਤੇ ਉਠਾਇਆ ਗਿਆ ਜਦਕਿ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣ ਦਾ ਮੁੱਦਾ ਪੰਜਾਬ ਦੇ ਹੱਕ ਦਾ ਸੀ, ਉਸ ਨੂੰ ਇਨ੍ਹਾਂ ਸਰਕਾਰਾਂ ਵੱਲੋਂ ਕਦੇ ਵੀ ਨਹੀਂ ਉਠਾਇਆ ਗਿਆ।

# ਐਸ.ਵਾਈ.ਐਲ. (SYL) ਨਹਿਰ

- ਰਾਜੀਵ ਲੌਂਗੋਂਵਾਲ ਅਕੋਰਡ ਜਿਸ ਨੂੰ ਪੰਜਾਬ ਸੈਟਲਮੈਂਟ ਦਾ ਨਾਮ ਦਿੱਤਾ ਗਿਆ ਹੈ। ਪੰਜਾਬ ਸੈਟਲਮੈਂਟ ਤੋਂ ਪਹਿਲਾਂ ਪੰਜਾਬ ਦਾ ਪੱਖ ਬਹੁਤ ਮਜ਼ਬੂਤ ਸੀ। ਭਾਰਤ ਸਰਕਾਰ ਇਹ ਗੱਲ ਤੋਂ ਡਰੀ ਹੋਈ ਸੀ ਕਿ ਪੰਜਾਬ ਕਦੇ ਵੀ ਮਾਣਯੋਗ ਸੁਪਰੀਮ ਕੋਰਟ ਦੇ ਵਿੱਚ ਜਾ ਕੇ ਆਪਣੇ ਹੱਕ ਮੰਗ ਸਕਦਾ ਹੈ ਅਤੇ ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਦੇਣ ਤੋਂ ਮਨ੍ਹਾਂ ਕਰ ਸਕਦਾ ਹੈ। ਕਿਉਂਕਿ ਅੰਤਰ ਰਾਜੀ ਪਾਣੀ ਦਾ ਵਟਵਾਰਾ ਸਿਰਫ਼ (Inter State River Water dispute Act, 1956) ਦੇ ਤਹਿਤ ਹੀ ਹੋ ਸਕਦਾ ਸੀ। ਪੰਜਾਬ ਦੇ ਦਰਿਆਵਾਂ ਦਾ ਪਾਣੀ ਇਸ ਐਕਟ ਦੇ ਅਧੀਨ ਨਹੀਂ ਆਉਂਦਾ ਸੀ। ਜੇਕਰ 1985 ਦੇ ਵਿੱਚ ਅਕਾਲੀ ਦਲ ਪੰਜਾਬ ਸੈਟਲਮੈਂਟ ਦੇ ਲਈ ਰਾਜੀ ਨਾ ਹੁੰਦਾ ਤਾਂ 1956 ਦੇ ਐਕਟ ਅਧੀਨ ਧਾਰਾ 14 ਵਾਧੂ ਤੌਰ ਤੇ ਐਕਟ ਵਿੱਚ ਸ਼ਾਮਿਲ ਨਹੀਂ ਹੋਣੀ ਸੀ। ਇਸ ਦਾ ਖਮਿਆਜਾ ਪੰਜਾਬ ਅਜੇ ਤੱਕ ਭੁਗਤ ਰਿਹਾ ਹੈ। ਇਸ ਸਮੇਂ ਬਾਕੀ ਰਾਜਾਂ ਦੇ ਪਾਣੀਆਂ ਦੇ ਝਗੜੇ ਦਾ ਨਿਪਟਾਰਾ ਕਿਸੇ ਹੋਰ ਕਾਨੂੰਨ ਦੇ ਤਹਿਤ ਕੀਤਾ ਜਾਂਦਾ ਹੈ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਝਗੜੇ ਦਾ ਨਿਪਟਾਰਾ ਵੱਖਰੇ ਨਿਯਮਾਂ ਅਧੀਨ ਹੁੰਦਾ ਹੈ। ਇਹ ਪੰਜਾਬ ਨਾਲ ਵਿਤਕਰਾ ਹੈ। ਇਸ ਲਈ ਉਸ ਸਮੇਂ ਦੀਆਂ ਸਰਕਾਰਾਂ ਜਿੰਮੇਵਾਰ ਹਨ।
- ਅਕਾਲੀ ਦਲ ਨੇ ਇਹ ਸੁਨਿਚਤ ਕੀਤਾ ਕਿ ਪੰਜਾਬ ਨੂੰ ਭਵਿੱਖ ਵਿੱਚ ਕਦੇ ਦਰਿਆਈ ਪਾਣੀਆਂ ਦਾ ਆਪਣਾ ਹੱਕ ਨਾ ਮਿਲੇ।
- ਹਰਿਆਣੇ ਵੱਲੋਂ ਆਪਣੇ ਹਿੱਤ ਨੂੰ ਮੁੱਖ ਰੱਖਦੇ ਹੋਏ ਪਾਣੀਆਂ ਦੇ ਮੁੱਦੇ ਨੂੰ ਮਾਣਯੋਗ ਸੁਪਰੀਮ ਕੋਰਟ ਵਿੱਚ ਪੈਰਵੀ ਕੀਤੀ ਜਾ ਰਹੀ ਹੈ ਜਦਕਿ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣ ਲਈ ਦੋਵੇ ਅਕਾਲੀ ਅਤੇ ਕਾਗਰਸ ਸਰਕਾਰ ਵੱਲੋਂ ਕਦੇ ਵੀ ਮਾਣਯੋਗ ਸੁਪਰੀਮ ਕੋਰਟ ਵਿੱਚ ਇੱਕ ਵਾਰ ਵੀ ਪਹੁੰਚ ਨਹੀਂ ਕੀਤੀ ਗਈ।

# ਐਸ.ਵਾਈ.ਐਲ. (SYL) ਨਹਿਰ

**ਸ. ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ (ਸ਼੍ਰੋਮਣੀ ਅਕਾਲੀ ਦਲ) ਦਾ ਕਾਰਜਕਾਲ**

- ਉਨ੍ਹਾਂ ਨੇ ਨਾ ਕੇਵਲ ਐਸ.ਵਾਈ.ਐਲ. ਦੀ ਲੰਬਿਤ ਉਸਾਰੀ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਇਆ ਸਗੋਂ ਆਪਣੇ ਕਾਰਜਕਾਲ (1985 ਤੋਂ 1987) ਦੌਰਾਨ ਇਹ ਨਿਸ਼ਚਿਤ ਕੀਤਾ ਕਿ ਨਹਿਰ ਦਾ ਜ਼ਿਆਦਾਤਰ ਨਿਰਮਾਣ ਇਸ ਸਮੇਂ ਦੌਰਾਨ ਪੂਰਾ ਹੋ ਸਕੇ।
- ਇਸ ਤਰ੍ਹਾਂ ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਦਾ ਸਿਹਰਾ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਦਾ ਹੈ। SYL ਦਾ ਪ੍ਰਾਜੈਕਟ ਸ਼ੁਰੂ ਕਰਨਾ, ਜ਼ਮੀਨ ਐਕੁਆਇਰ ਕਰਨਾ ਅਤੇ ਉਸਾਰੀ ਦਾ ਕੰਮ ਸ਼ੁਰੂ ਕਰਨਾ ਅਕਾਲੀ ਦਲ ਦੇ ਦੂਜੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਵੱਲੋਂ ਨਹਿਰ ਦੀ ਉਸਾਰੀ ਦਾ ਕੰਮ ਮੁਕੰਮਲ ਕਰਵਾਇਆ ਗਿਆ।
- ਖਾੜਕੂਵਾਦ ਕਾਰਨ ਪੰਜਾਬ ਨੂੰ ਹੋਏ ਨੁਕਸਾਨ ਲਈ ਅਕਾਲੀ ਦਲ ਅਤੇ ਕਾਂਗਰਸ ਦੋਵੇਂ ਹੀ ਜ਼ਿੰਮੇਵਾਰ ਹਨ।

# ਐਸ.ਵਾਈ.ਐਲ. (SYL) ਨਹਿਰ

- ਕਾਂਗਰਸ ਸਰਕਾਰ ਨੇ 2002 ਤੋਂ ਪਹਿਲਾਂ 1981 ਦਾ ਸਮਝੌਤਾ ਖ਼ਤਮ ਕਿਉਂ ਨਹੀਂ ਕੀਤਾ? ਜਦਕਿ ਰਿਕਾਰਡ ਤੋਂ ਸਪੱਸ਼ਟ ਹੁੰਦਾ ਹੈ ਕਿ '90 ਦੇ ਦਹਾਕੇ ਤੋਂ ਮਾਹਿਰ ਇਸ ਸਮਝੌਤੇ ਨੂੰ ਖ਼ਤਮ ਕਰਨ ਦਾ ਵਿਚਾਰ ਕਰ ਰਹੇ ਸਨ।
- ਜੇਕਰ ਇਸ ਐਗਰੀਮੈਂਟ ਨੂੰ 2002 ਦੇ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਉਸ ਸਮੇਂ ਦੀਆਂ ਸਰਕਾਰਾਂ ਵੱਲੋਂ ਟਰਮੀਨੇਟ ਕੀਤਾ ਹੁੰਦਾ ਤਾਂ ਪੰਜਾਬ ਨੂੰ 2002 ਵਿੱਚ ਆਏ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪੈਂਦਾ।

# ਐਸ.ਵਾਈ.ਐਲ. (SYL) ਨਹਿਰ

2007 ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਘੋਸ਼ਣਾ ਕੀਤਾ ਗਿਆ ਸੀ ਕਿ ਅਕਾਲੀ ਸਰਕਾਰ ਆਉਣ 'ਤੇ 2004 ਦੇ ਐਕਟ ਦੀ ਧਾਰਾ 5 ਨੂੰ ਖਾਰਜ ਕੀਤਾ ਜਾਵੇਗਾ। ਪਰ ਇਸ ਤੋਂ ਬਾਅਦ ਬਾਦਲ ਸਰਕਾਰ 10 ਸਾਲ ਲਈ ਸੱਤਾ 'ਤੇ ਰਹੀ ਪਰ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ

Regd No. PD/0061/2003-05 Regd. No. NW/CH-22

**Punjab Government Gazette**

**EXTRAORDINARY**

*Published by Authority*

CHANDIGARH, TUESDAY, JULY 13, 2004
(ASADHA 22, 1926 SAKA)

LEGISLATIVE SUPPLEMENT

**Contents** *Pages*


**Part I** **Acts**

The Punjab Termination of Agreements Act, 2004 (Punjab Act No. 17 of 2004) .. 63—66

**Part II** **Ordinances**

*Nil*

**Part III** **Delegated Legislation**

Notification No. G.S.R. 46/C.A. 59/88/ S. 96/Amd. (18)/2004, dated the 8th July, 2004, containing amendment to the Punjab Motor Vehicles Rules, 1989 .. 369—371

**Part IV** **Correction Slips, Republications and Replacements**

*Nil*


Price : Rs. 2.70 Paise ( liii )

PUNJAB GOVT GAZ. (EXTRA.), JULY 13, 2004 63
(ASAR 22, 1926 SAKA)

**PART I**

**DEPARTMENT OF LEGAL AND LEGISLATIVE AFFAIRS, PUNJAB**

**Notification**

The 13th July, 2004

No. 26-Leg./2004.—The following Act of the Legislature of the State of Punjab received the assent of the Governor of Punjab, on the 12th July, 2004, and is hereby published for general information :—

THE PUNJAB TERMINATION OF AGREEMENTS ACT, 2004

**(Punjab Act No. 17 of 2004)**

AN

ACT

*to provide for terminating and discharging the Government of Punjab from its obligations under the Agreement dated 31st December, 1981 and all other agreements relating to the waters of the rivers Ravi and Beas in public interest.*

Whereas, the State of Punjab is proud of its position in the Indian Union and has equal concern for its neighbours and as a sovereign authority, the State of Punjab considers it its bounden duty to uphold the Constitution and the laws and to protect the interests of its inhabitants ;

Whereas, what was known as 'Indus system' before the partition of the country, became irrelevant after partition, since only three east flowing rivers namely, Ravi, Beas and Sutlej, out of the six rivers constituting the said system remained within Indian territory for its exclusive use ;

Whereas, while all the three rivers, Ravi, Beas and Sutlej flow through the territory of the present State of Punjab, none of them flow through either the State of Haryana or the State of Rajasthan ;

Whereas, no part of territories of the States of Haryana and Rajasthan falls within the basin areas of the rivers Ravi and Beas ;

Whereas, even according to the Irrigation Commission only 9,939 sq. km. of areas within Haryana fall within the 'Indus Basin' (not within the Ravi and Beas basin), as against 50304 sq. km. areas within Punjab ;

Whereas, present utilisation by Haryana is about 5.95 MAF of water (about 4.33 MAF from Sutlej and about 1.62 MAF from Ravi and Beas) ;

# ਐਸ.ਵਾਈ.ਐਲ. (SYL) ਨਹਿਰ

- ਐਸ.ਵਾਈ.ਐਲ. ਦੇ ਮੁੱਦੇ 'ਤੇ ਮਾਣਯੋਗ ਸੁਪਰੀਮ ਕੋਰਟ ਵਿੱਚ ਪੰਜਾਬ ਵਿਰੁੱਧ ਸਾਲ 2002, 2004 ਅਤੇ 2016 ਵਿੱਚ 3 ਫ਼ੈਸਲੇ ਹੋਏ ਹਨ। ਇਨ੍ਹਾਂ ਵਿੱਚੋਂ ਦੋ ਫ਼ੈਸਲੇ ਸ਼੍ਰੋਮਣੀ ਅਕਾਲੀ ਦਲ ਸਰਕਾਰ ਦੇ ਕਾਰਜਕਾਲ ਦੌਰਾਨ ਦਿੱਤੇ ਗਏ ਸਨ। ਅਕਾਲੀ ਸਰਕਾਰ ਵੱਲੋਂ ਇਨ੍ਹਾਂ ਫ਼ੈਸਲਿਆਂ ਦੀ ਸਹੀ ਤਰ੍ਹਾਂ ਪੈਰਵੀ ਕਿਉਂ ਨਹੀਂ ਕੀਤੀ ਗਈ? ਇਸ ਸਮੇਂ ਦੌਰਾਨ ਵਕੀਲਾਂ ਨੂੰ ਕਰੋੜਾਂ ਰੁਪਏ ਫ਼ੀਸਾਂ ਦਾ ਭੁਗਤਾਨ ਕਿਉਂ ਕੀਤਾ ਗਿਆ?

# ਐਸ.ਵਾਈ.ਐਲ. (SYL) ਨਹਿਰ

**ਮੌਜੂਦਾ ਸਰਕਾਰ ਦਾ ਕਾਰਜਕਾਲ (ਆਪ)**

- ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ, SYL ਕੇਸ ਸਿਰਫ਼ 3 ਵਾਰ ਮਾਣਯੋਗ ਸੁਪਰੀਮ ਕੋਰਟ ਵਿੱਚ ਮਿਤੀ 06.9.2022, 23.3.2023 ਅਤੇ 4.10.2023 ਨੂੰ ਸੁਣਿਆ ਗਿਆ। ਇਨ੍ਹਾਂ 3 ਸੁਣਵਾਈਆਂ ਦੌਰਾਨ ਮੌਜੂਦਾ ਸਰਕਾਰ ਵੱਲੋਂ ਅੱਜ ਤੱਕ ਕੋਈ ਹਲਫ਼ਨਾਮਾ ਦਾਇਰ ਨਹੀਂ ਕੀਤਾ ਗਿਆ ਹੈ।
- 04.01.2023 ਨੂੰ ਮੁੱਖ ਮੰਤਰੀ ਪੰਜਾਬ ਅਤੇ ਮੁੱਖ ਮੰਤਰੀ ਹਰਿਆਣਾ ਦੀ ਜਲ ਸ਼ਕਤੀ ਮੰਤਰੀ (ਸ੍ਰੀ. ਗਜੇਂਦਰ ਸਿੰਘ ਸ਼ੇਖਾਵਤ) ਨਾਲ ਮੀਟਿੰਗ ਹੋਈ। ਉਥੇ ਮੁੱਖ ਮੰਤਰੀ, ਪੰਜਾਬ ਨੇ ਬਹੁਤ ਸਪੱਸ਼ਟ ਤੌਰ 'ਤੇ SYL ਦੀ ਉਸਾਰੀ ਤੋਂ ਇਨਕਾਰ ਕੀਤਾ ਸੀ ਅਤੇ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਯਮੁਨਾ ਸਤਲੁਜ ਲਿੰਕ (YSL) ਦਾ ਮੁੱਦਾ ਉਠਾਇਆ ਸੀ।
- ਇਸ ਤੋਂ ਇਲਾਵਾ ਮਿਤੀ 26.9.2023 ਨੂੰ ਹੋਈ ਨਾਰਦਰਨ ਜ਼ੋਨਲ ਕੌਂਸਲ ਦੀ ਮੀਟਿੰਗ ਵਿੱਚ, ਮੁੱਖ ਮੰਤਰੀ, ਪੰਜਾਬ ਨੇ ਦੁਬਾਰਾ ਆਪਣਾ ਪੱਖ ਪੇਸ਼ ਕੀਤਾ ਅਤੇ ਰਾਵੀ-ਬਿਆਸ ਦੇ ਪਾਣੀ ਨੂੰ ਦੂਜੇ ਰਾਜਾਂ ਨੂੰ ਦੇਣ ਦਾ ਡਟ ਕੇ ਵਿਰੋਧ ਕੀਤਾ।

# ਐਸ.ਵਾਈ.ਐਲ. (SYL) ਨਹਿਰ

- ਐਸ.ਵਾਈ.ਐਲ. ਕੇਸ ਦੀ ਮਿਤੀ 4.10.2023 ਨੂੰ ਹੋਈ ਪਿਛਲੀ ਸੁਣਵਾਈ ਦੌਰਾਨ ਸਰਕਾਰ ਨੇ ਪਾਣੀ ਦੀ ਘੱਟ ਉਪਲਬਧਤਾ ਦੇ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ ਸੀ ਅਤੇ ਇਹ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਵੀ ਹੇਠ ਅਨੁਸਾਰ ਦਰਜ ਕੀਤਾ ਗਿਆ ਹੈ:

  *“Learned counsel for the State of Punjab did endeavour to persuade us that with the passage of time, the availability of water has become less and thus, the share of Haryana being purportedly less and that can be satisfied by other measures”*

- ਪਿਛਲੇ 30 ਸਾਲਾਂ ਤੋਂ ਅਕਾਲੀ ਦਲ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨਾਲ ਖਿਲਵਾੜ ਕਰ ਰਿਹਾ ਹੈ। ਮਿਤੀ 4.10.2023 ਨੂੰ ਅਕਾਲੀ ਦਲ ਵੱਲੋਂ ਇਸ ਪ੍ਰਥਾ ਨੂੰ ਜਾਰੀ ਰੱਖਦੇ ਹੋਏ, ਬਿਨਾਂ ਤੱਥਾਂ ਨੂੰ ਤਸਦੀਕ ਕੀਤੇ, Live law media platform ਦਾ ਹਵਾਲਾ ਦਿੰਦੇ ਹੋਏ ਇਹ ਦੋਸ਼ ਲਾਇਆ ਗਿਆ ਕਿ ਪੰਜਾਬ ਸਰਕਾਰ ਨੇ ਮਾਣਯੋਗ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਵਿਰੋਧੀ ਧਿਰ ਦੇ ਦਬਾਅ ਅਤੇ ਕਿਸਾਨਾਂ ਤੋਂ ਜ਼ਮੀਨ ਐਕਵਾਇਰ ਕਰਨ ਵਿੱਚ ਮੁਸ਼ਕਿਲਾਂ ਕਾਰਨ ਰਾਜ ਸਰਕਾਰ ਪ੍ਰਾਜੈਕਟ ਦੇ ਕੰਮ ਨੂੰ ਅੱਗੇ ਵਧਾਉਣ ਵਿੱਚ ਅਸਮਰੱਥ ਹੈ।

# ਐਸ.ਵਾਈ.ਐਲ. (SYL) ਨਹਿਰ

- ਪ੍ਰੰਤੂ ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਾਡੇ ਐਡਵੋਕੇਟ ਨੇ ਕਿਤੇ ਵੀ ਇਹ ਜ਼ਿਕਰ ਨਹੀਂ ਕੀਤਾ ਕਿ ਨਹਿਰ ਪੂਰੀ ਹੋ ਸਕਦੀ ਹੈ। ਹੁਣ ਜਦੋਂ Live law media platform ਨੂੰ ਤੱਥਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕਰਨ ਲਈ ਨੋਟਿਸ ਜਾਰੀ ਕੀਤਾ ਗਿਆ, ਤਾਂ ਉਨ੍ਹਾਂ ਨੇ ਨਾ ਸਿਰਫ਼ ਟਵੀਟ ਨੂੰ delete ਕੀਤਾ, ਸਗੋਂ ਅਸਲ ਤੱਥਾਂ ਨੂੰ ਵੀ ਦੁਬਾਰਾ ਛਾਪਿਆ ਹੈ।

# ਐਸ.ਵਾਈ.ਐਲ. (SYL) ਨਹਿਰ

- ਹਰਿਆਣਾ ਅਤੇ ਰਾਜਸਥਾਨ, ਦੋਵੇਂ ਦੋਸ਼ ਲਗਾਉਂਦੇ ਰਹੇ ਹਨ ਕਿ ਪੰਜਾਬ, ਪਾਕਿਸਤਾਨ ਨੂੰ ਪਾਣੀ ਛੱਡਦਾ ਹੈ ਪਰ ਪੰਜਾਬ ਉਨ੍ਹਾਂ ਨੂੰ ਪਾਣੀ ਨਹੀਂ ਛੱਡ ਰਿਹਾ। ਪੰਜਾਬ ਲਗਾਤਾਰ ਦੱਸਦਾ ਰਿਹਾ ਹੈ ਕਿ ਪੰਜਾਬ ਦੇ ਕਿਸੇ ਵੀ ਹੈੱਡ ਵਰਕਸ ਤੋਂ ਪਾਕਿਸਤਾਨ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਛੱਡੀ ਜਾਂਦੀ।
- ਅਸੀਂ 23.12.2022 ਨੂੰ ਪੱਤਰ ਰਾਹੀਂ ਦੋਹਾਂ ਰਾਜਾਂ ਅਤੇ ਬੀ.ਬੀ.ਐਮ.ਬੀ. ਨੂੰ ਲਿਖਤੀ ਤੌਰ 'ਤੇ ਦੱਸਿਆ ਕਿ ਪਾਕਿਸਤਾਨ ਨੂੰ ਕੋਈ ਪਾਣੀ ਨਹੀਂ ਜਾ ਰਿਹਾ ਹੈ। ਉਨ੍ਹਾਂ ਨੂੰ ਹਰ ਦਿਨ ਦੇ ਵੇਰਵੇ ਵੀ ਦਿੱਤੇ ਗਏ ਸਨ। ਇਸ ਤੱਥ ਨੂੰ ਬੀ.ਬੀ.ਐਮ.ਬੀ. ਨੇ ਵੀ ਮੰਨਿਆ ਹੈ। ਹਾਲਾਂਕਿ ਹੜ੍ਹਾਂ ਦੌਰਾਨ ਪੰਜਾਬ ਕੋਲ ਪਾਕਿਸਤਾਨ ਨੂੰ ਪਾਣੀ ਛੱਡਣ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਸੀ।
- ਇਸ ਵਾਰ ਜਦੋਂ ਪੰਜਾਬ ਭਾਰੀ ਹੜ੍ਹਾਂ ਦੀ ਮਾਰ ਹੇਠ ਸੀ, ਪੰਜਾਬ ਨੇ ਦੋਵਾਂ ਰਾਜਾਂ ਨੂੰ ਪਾਣੀ ਲੈਣ ਲਈ ਕਿਹਾ ਪਰੰਤੂ ਦੋਹਾਂ ਰਾਜਾਂ ਨੇ ਲਿਖਤੀ ਰੂਪ ਵਿੱਚ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਪਾਣੀ ਦੀ ਲੋੜ ਨਹੀਂ ਹੈ।

# ਜਲ ਸਰੋਤ ਵਿਭਾਗ, ਪੰਜਾਬ

# ਨਹਿਰਾਂ ਦੀਆਂ ਟੇਲਾਂ ਤੱਕ ਪਾਣੀ ਪਹੁੰਚਾਇਆ

- **ਅਬੰਡੰਡ (ਖ਼ਾਲੀ ਛੱਡੀਆਂ) ਨਹਿਰਾਂ ਦੀ ਬਹਾਲੀ** – ਕਈ ਸਾਲਾਂ ਤੋਂ ਅਬੰਡੰਡ ਪਈਆਂ ਨਹਿਰਾਂ ਵਿੱਚੋਂ 1400 ਕਿਲੋਮੀਟਰ ਨਹਿਰਾਂ ਬਹਾਲ ਕੀਤੀਆਂ।
- ਨਹਿਰਾਂ ਦਾ ਵਿਸਤਾਰ – ਅਧੂਰੀਆਂ ਪਈਆਂ ਨਹਿਰਾਂ ਨੂੰ ਲੋੜੀਂਦੀ ਲੰਬਾਈ ਤੱਕ ਬਣਾਇਆ ਜਾ ਰਿਹਾ ਹੈ।
- ਖਾਲਾਂ –
  - ਪਿਛਲੇ 20 ਤੋਂ 30 ਸਾਲਾਂ ਤੋਂ 15000 ਤੋਂ ਵੱਧ ਅਬੰਡੰਡ ਖਾਲਾਂ ਵਿੱਚੋਂ ਇੱਕ ਸਾਲ ਵਿੱਚ ਹੀ 13471 ਖਾਲ ਬਹਾਲ ਕੀਤੇ।
  - ਖਾਲਾਂ ਦੀ ਮੁਰੰਮਤ – ਪੁਰਾਣੀ ਪਾਲਿਸੀ ਨੂੰ ਬਦਲਦੇ ਹੋਏ ਜਿਹੜੇ ਖਾਲਾਂ ਦੀ ਉਸਾਰੀ ਤੋਂ ਬਾਅਦ 25 ਸਾਲ ਤੱਕ ਮੁਰੰਮਤ ਨਹੀਂ ਕੀਤੀ ਜਾਂਦੀ ਸੀ, ਅਜਿਹੇ ਖਾਲਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ।

- ਮਨਰੇਗਾ ਦੀ ਕੁਸ਼ਲ ਵਰਤੋਂ: - ਨਹਿਰਾਂ ਅਤੇ ਖਾਲਾਂ ਦੀ ਮੁਰੰਮਤ ਮਨਰੇਗਾ ਅਧੀਨ ਕਰਵਾਉਂਦੇ ਹੋਏ ਸਾਲ 2020-21 (77 ਕਰੋੜ ਰੁਪਏ) ਨਾਲੋਂ 3 ਗੁਣਾਂ ਜ਼ਿਆਦਾ ਕੰਮ ਸਾਲ 2023-24 (228 ਕਰੋੜ ਰੁਪਏ) ਮਨਰੇਗਾ ਅਧੀਨ ਕਰਵਾਏ ਜਾ ਰਹੇ ਹਨ।
- ਨਹਿਰੀ ਪਾਣੀ ਦੀ ਵਰਤੋਂ - ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਦੌਰਾਨ ਨਹਿਰੀ ਪਾਣੀ ਦੀ ਵਰਤੋਂ ਵਿੱਚ 38% ਤੋਂ ਵੱਧ ਦਾ ਵਾਧਾ ਹੋਇਆ ਹੈ ਜਦੋਂ ਕਿ ਪਾਣੀ ਦੀ ਮੰਗ ਸਿਖਰ ’ਤੇ ਹੈ।
- ਨਹਿਰੀ ਮਾਲ ਮਾਮਲੇ: ਕਈ ਸਾਲਾਂ ਤੋਂ ਲੰਬਿਤ ਪਏ 5000 ਤੋਂ ਵੱਧ ਕੇਸਾਂ ਦਾ ਨਿਪਟਾਰਾ ਇੱਕ ਸਾਲ ਵਿੱਚ ਕੀਤਾ।
- ਖਾਲਾਂ ਦਾ ਪ੍ਰਬੰਧ- ਗ਼ੈਰ-ਸਰਕਾਰੀ ਖਾਲਾਂ ਨੂੰ ਸਰਕਾਰੀ ਖਾਲ ਨੋਟੀਫ਼ਾਈ ਕੀਤਾ ਅਤੇ ਸਾਰੇ ਹਿੱਸੇਦਾਰਾਂ ਨੂੰ ਪਾਣੀ ਪਹੁੰਚਾਉਣਾ ਯਕੀਨੀ ਬਣਾਇਆ।
- 40 ਤੋਂ ਵੱਧ ਨਾਨ- ਪੈਰੀਨੀਅਲ ਨਹਿਰਾਂ ਨੂੰ ਪੈਰੀਨੀਅਲ ਬਣਾਇਆ।
- ਨਹਿਰਾਂ ਦੇ ਟੁੱਟਣ ਕਾਰਨ ਕਿਸਾਨਾਂ ਦਾ ਕੋਈ ਨੁਕਸਾਨ ਨਾ ਹੋਵੇ, ਇਸ ਲਈ 100 ਤੋਂ ਵੱਧ ਐਸਕੇਪ ਲਗਾਏ ਗਏ/ਜਾ ਰਹੇ ਹਨ।

- ਨਵੀਆਂ ਨਹਿਰਾਂ ਦਾ ਨਿਰਮਾਣ - ਹੇਠ ਲਿਖੀਆਂ ਨਵੀਆਂ ਨਹਿਰਾਂ ਬਣਾਈਆਂ ਜਾ ਰਹੀਆਂ ਹਨ:
  - ਮਾਲਵਾ ਨਹਿਰ
  - ਪਠਾਨਕੋਟ ਜ਼ਿਲ੍ਹੇ ਵਿੱਚ ਨਹਿਰਾਂ
- ਨਦੀਆਂ ਦੇ ਬੈੱਡਾਂ/ਡਰੇਨਾਂ ਦੀ ਨੋਟੀਫਿਕੇਸ਼ਨ- ਪਹਿਲੀ ਵਾਰ ਨਦੀਆਂ/ਚੋਆਂ/ਨਾਲਿਆਂ/ਡਰੇਨਾਂ ਨੂੰ ਨੋਟੀਫ਼ਾਈ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਹ ਸਰਕਾਰ ਨੂੰ ਗ਼ੈਰ-ਕਾਨੂੰਨੀ ਕਬਜ਼ਿਆਂ ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਹਟਾਉਣ ਦੇ ਯੋਗ ਬਣਾਵੇਗਾ।
- ਲਿਫ਼ਟ ਸਿੰਜਾਈ ਸਕੀਮਾਂ - ਅਰਧ ਪਹਾੜੀ ਖੇਤਰਾਂ ਵਿੱਚ ਨਹਿਰੀ ਸਿੰਜਾਈ
  - ਦੋ ਨਵੀਆਂ ਲਿਫ਼ਟ ਇਰੀਗੇਸ਼ਨ ਸਕੀਮਾਂ ਲਾਗੂ ਕੀਤੀਆਂ (1536 ਏਕੜ)
  - 12 ਨਵੀਆਂ ਲਿਫ਼ਟ ਸਕੀਮਾਂ (16,500 ਏਕੜ) ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

# ਜਲ ਸਰੋਤ ਵਿਭਾਗ, ਪੰਜਾਬ

- ਕੋਟਲਾ ਬ੍ਰਾਂਚ ਪ੍ਰਾਜੈਕਟ:- ਵਾਟਰ ਕੋਰਸਾਂ ਦੀ ਉਸਾਰੀ
  - ਖਾਲਿਆਂ ਦੀ ਮੁਰੰਮਤ ਲਈ ਜ਼ਿਮੀਂਦਾਰਾਂ ਤੋਂ ਲਏ ਜਾ ਰਹੇ 10% ਹਿੱਸੇ ਨੂੰ ਮਾਫ਼ ਕੀਤਾ। ਪੰਜ ਸਾਲ ਤੋਂ 477 ਕਰੋੜ ਰੁਪਏ ਦੀ ਲੰਬਿਤ ਪਈ ਸਕੀਮ ਦਾ ਕੰਮ ਸ਼ੁਰੂ ਕਰਵਾਇਆ।
  - ਇੱਕ ਸਾਲ ਵਿੱਚ ਹੀ 137.21 ਕਰੋੜ ਰੁਪਏ ਦਾ ਕੰਮ ਕਰਵਾਇਆ।
- ਬੀ.ਐਮ.ਐਲ. ਨਹਿਰ ਦੇ ਪਾਣੀ ਭੱਤੇ ਵਿੱਚ ਵਾਧਾ - ਸਾਡੇ ਕਿਸਾਨਾਂ ਲਈ ਪਾਣੀ ਭੱਤਾ 50% ਤੋਂ ਵੱਧ ਵਧਾ ਦਿੱਤਾ ਗਿਆ ਹੈ।
- ਕੰਢੀ ਨਹਿਰ: - 16 ਸਾਲ ਤੋਂ ਲੰਬਿਤ ਪਏ ਪ੍ਰਾਜੈਕਟ ਨੂੰ 90% ਤੱਕ ਬਹਾਲ ਕਰ ਦਿੱਤਾ ਗਿਆ ਹੈ। ਪਹਿਲੀ ਵਾਰ ਨਹਿਰ 90% ਵੱਧ ਕਪੈਸਿਟੀ ’ਤੇ ਚਲਾਈ ਗਈ।
- ਕੰਢੀ ਖੇਤਰਾਂ ਵਿੱਚ ਨੀਵੇਂ ਡੈਮਾਂ ਦੀ ਉਸਾਰੀ - 13 ਨਵੇਂ ਡੈਮ ਸਾਈਟਾਂ ਦੀ ਪਛਾਣ ਕੀਤੀ ਅਤੇ 3 ਡੈਮਾਂ ਦੇ ਡਿਜ਼ਾਈਨ ਦਾ ਕੰਮ ਸ਼ੁਰੂ ਕੀਤਾ।

- ਨਵਾਂ ਨਹਿਰੀ ਐਕਟ: -150 ਸਾਲ ਤੋਂ ਵੀ ਵੱਧ ਪੁਰਾਣੇ ਐਕਟ ਦੀ ਜਗ੍ਹਾ ਨਵਾਂ ਐਕਟ ਬਣਾਇਆ ਜਾ ਰਿਹਾ ਹੈ, ਜੋ ਪ੍ਰਕਿਰਿਆ ਨੂੰ ਸਰਲ ਬਣਾਏਗਾ, ਮੁਕੱਦਮੇਬਾਜ਼ੀ ਨੂੰ ਘਟਾਏਗਾ, ਜਨਤਕ ਭਾਗੀਦਾਰੀ ਵਿੱਚ ਸੁਧਾਰ ਕਰੇਗਾ ਅਤੇ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਦੇ ਯੋਗ ਬਣਾਏਗਾ।
- ਜ਼ਿਲ੍ਹਾ ਮਾਨਸਾ ਵਿੱਚ ਸਰਦੂਲਗੜ੍ਹ ਖੇਤਰ ਲਈ ਨਹਿਰੀ ਪਾਣੀ - ਬੀ.ਬੀ.ਐਮ.ਬੀ. ਦੇ ਜ਼ਰੀਏ ਹਰਿਆਣੇ ਨੂੰ ਪਾਬੰਦ ਕੀਤਾ ਗਿਆ ਕਿ ਉਹ ਪੰਜਾਬ ਦੇ ਹਿੱਸੇ ਦਾ 400 ਕਿਊਸਿਕ ਪਾਣੀ ਮੁਹੱਈਆ ਕਰਵਾਉਣਾ ਯਕੀਨੀ ਬਣਾਵੇ।
- ਭੂਮੀਗਤ ਪਾਣੀ ਰੀਚਾਰਜ - 32 ਬੰਦ ਪਏ ਰੀਚਾਰਜ ਸਟ੍ਰਕਚਰਜ਼ ਚਾਲੂ ਕੀਤੇ ਅਤੇ 129 ਨਵੇਂ ਸਟ੍ਰਕਚਰਜ਼ ਦੀ ਉਸਾਰੀ ਸ਼ੁਰੂ ਕੀਤੀ।
- ਮਹਿਕਮੇ ਵੱਲੋਂ ਪਿਛਲੇ ਤਿੰਨ ਮਹੀਨਿਆਂ ਵਿੱਚ 3.50 ਲੱਖ ਬੂਟੇ ਲਗਾਏ ਗਏ ਹਨ।

- ਫਲੱਡ ਵਰਕਸ **2023** - ਮਾਨਸੂਨ ਦੀ ਮਿਆਦ ਦੇ 3 ਮਹੀਨਿਆਂ ਦੀ ਪੂਰੀ ਬਾਰਿਸ਼ ਸਿਰਫ਼ 2 ਦਿਨਾਂ, ਜੋ ਕਿ 9 ਅਤੇ 10 ਜੁਲਾਈ 2023 ਵਿੱਚ ਹੋਈ। ਰਿਕਾਰਡ ਸਮੇਂ ਵਿੱਚ ਸਾਰੇ ਪਾੜਾਂ/ਬਰੀਚਾਂ ਨੂੰ ਪੂਰ ਦਿੱਤਾ ਗਿਆ ਸੀ ਅਤੇ ਲਗਭਗ 70 ਲੱਖ ਰੇਤ ਦੀਆਂ ਬੋਰੀਆਂ ਇਹਨਾਂ ਪਾੜਾਂ ਨੂੰ ਜੋੜਨ ਲਈ ਵਰਤੀਆਂ ਗਈਆਂ ਸਨ।
- ਵਿਭਾਗੀ ਮਸ਼ੀਨਰੀ ਦੀ ਖ਼ਰੀਦ – ਵਿਭਾਗੀ ਮਸ਼ੀਨਰੀ ਦੀ ਖ਼ਰੀਦ ਨਾਲ ਡਰੇਨਾਂ ਦੀ ਸਫ਼ਾਈ ਦੇ ਕੰਮ ਵਿੱਚ 70% ਬੱਚਤ ਕੀਤੀ।
- ਸ਼ਾਹਪੁਰਕੰਢੀ ਡੈਮ ਪ੍ਰਾਜੈਕਟ - 20 ਸਾਲ ਤੋਂ ਲੰਬਿਤ ਪਏ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਦਾ ਹੱਲ ਕੀਤਾ। ਦਸੰਬਰ 2023 ਤੱਕ ਡੈਮ ਦੀ ਉਸਾਰੀ ਦਾ ਕੰਮ ਪੂਰਾ ਕੀਤਾ ਜਾਵੇਗਾ।

- ਟਿਊਬਵੈੱਲਾਂ ਦੇ ਖ਼ਰਾਬ ਰਹਿਣ ਵਿੱਚ ਕਮੀ -
    - ਪਹਿਲਾਂ ਟਿਊਬਵੈੱਲ ਖ਼ਰਾਬ ਤੇ ਕਈ ਮਹੀਨੇ ਬੰਦ ਰਹਿੰਦੇ ਸਨ। ਹੁਣ ਕਿਸੇ ਵੀ ਟਿਊਬਵੈੱਲ ਦੇ ਖ਼ਰਾਬ ਹੋਣ ’ਤੇ ਉਸ ਨੂੰ 10 ਦਿਨਾਂ ਵਿੱਚ ਹੀ ਚਲਦੀ ਹਾਲਤ ਵਿੱਚ ਕਰ ਦਿੱਤਾ ਜਾਂਦਾ ਹੈ।
    - ਪਹਿਲਾਂ 1600 ਟਿਊਬਵੈੱਲਾਂ ਵਿੱਚੋਂ ਕਿਸੇ ਵੀ ਸਮੇਂ 300 ਟਿਊਬਵੈੱਲ ਖ਼ਰਾਬ ਰਹਿੰਦੇ ਸਨ। ਹੁਣ ਇਹ ਗਿਣਤੀ 4 ’ਤੇ ਲਿਆਂਦੀ ਗਈ ਹੈ। (20% ਤੋਂ 25%)

# ਵਿੱਤ ਵਿਭਾਗ

# ਬਕਾਇਆ ਕਰਜ਼ਾ




ਨੋਟ- ਬਕਾਇਆ ਕਰਜ਼ੇ ਵਿੱਚ ਰਿਜ਼ਰਵ ਫੰਡ ਤੇ ਡਿਪਾਜ਼ਿਟ ਸ਼ਾਮਿਲ ਹਨ

# ਪ੍ਰਾਪਤੀਆਂ ਦਾ ਸੰਖੇਪ

- **ਕੰਸੋਲੀਡੇਟਡ ਸਿੰਕਿੰਗ ਫੰਡ (CSF) -** ਅਪ੍ਰੈਲ 2022 ਤੋਂ ਹੁਣ ਤੱਕ 4750 ਕਰੋੜ ਰੁਪਏ ਦਾ ਵਾਧੂ ਨਿਵੇਸ਼ ਕੀਤਾ ਹੈ।
- **ਅਦਾਰਿਆਂ ਦਾ ਕਰਜ਼ਾ ਅਦਾ ਕੀਤਾ-** ਪਨਸਪ, ਪੀ.ਐਮ.ਆਈ.ਡੀ.ਸੀ./ਪੀ.ਐਫ.ਸੀ., ਲੈਂਡ ਮਾਰਗੇਜ ਬੈਂਕ, ਪੰਜਾਬ ਮੰਡੀ ਬੋਰਡ, ਪੰਜਾਬ ਐਗਰੋ- 2566 ਕਰੋੜ ਰੁਪਏ।
- **ਸ਼ੂਗਰਫੈਡ-** 1,033 ਕਰੋੜ ਰੁਪਏ।
- **ਪੁਰਾਣੀ ਬਕਾਇਆ ਪਾਵਰ ਸਬਸਿਡੀ ਦੀ ਅਦਾਇਗੀ -** 9,000 ਕਰੋੜ ਰੁਪਏ ਤੋਂ ਜ਼ਿਆਦਾ ਦੇ ਪੈਂਡਿੰਗ ਏਰੀਅਰ ਦੀ ਅਦਾਇਗੀ 1804 ਕਰੋੜ ਰੁਪਏ ਪ੍ਰਤੀ ਸਾਲ ਦੀ ਦਰ ਨਾਲ ਕੀਤੀ ਜਾਵੇਗੀ, ਜਿਸ ਵਿੱਚੋਂ ਵਿੱਤੀ ਸਾਲ 2022-23 ਵਿੱਚ 1804 ਕਰੋੜ ਰੁਪਏ ਅਦਾ ਕਰ ਦਿੱਤੇ ਗਏ ਹਨ।
- ਵਿੱਤੀ ਸਾਲ 2022-23 ਵਿੱਚ 1298 ਕਰੋੜ ਰੁਪਏ ਦੇ ਘਰੇਲੂ ਖਪਤਕਾਰਾਂ ਦੇ ਬਿੱਲਾਂ ਦੀ ਅਦਾਇਗੀ ਮਾਫ ਕੀਤੀ।
- ਸੈਂਟਰਲੀ ਸਪਾਂਸਰਡ ਸਕੀਮਾਂ ਦੇ 1750 ਕਰੋੜ ਰੁਪਏ ਦੇ ਕੇਂਦਰੀ ਸ਼ੇਅਰ ਦੇ ਪੁਰਾਣੇ ਏਰੀਅਰ ਦੀ ਅਦਾਇਗੀ ਕੀਤੀ।

# ਰਾਜ ਦੇ ਆਪਣੇ ਕਰ ਮਾਲੀਏ ਵਿੱਚ ਵਾਧੇ ਦੀ ਤੁਲਨਾ

| ਵੇਰਵੇ | ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ | ਕਾਂਗਰਸ | ਆਪ | ਵਿੱਤੀ ਸਾਲ 2021-22 | ਵਿੱਤੀ ਸਾਲਾ 2022-23 |
|---|---|---|---|---|---|
| | 2012-17 | 2017-22 | 2022-23 | | |
| ਰਾਜ ਦਾ ਆਪਣਾ ਕਰ ਮਾਲੀਆ | 8.0% | 6.1% | 13.2% | 37,327 | 42,271 |
| ਵੈਟ /ਜੀ.ਐਸ.ਟੀ* | 9.5% | 5.4% | 16.6% | 15,542# | 18,128# |
| ਰਾਜ ਆਬਕਾਰੀ | 9.8% | 6.9% | 37.0% | 6,157 | 8,437 |
| ਅਸ਼ਟਾਮ ਅਤੇ ਰਜਿਸਟਰੇਸ਼ਨ | -7.9% | 10.1% | 27.8% | 3,308 | 4,227 |
| ਗੱਡੀਆਂ ’ਤੇ ਕਰ | 12.7% | 8.8% | 13.3% | 2,359 | 2,674 |

*ਨੋਟ- ਇਹ 5 ਸਾਲਾਂ ਦੇ ਵੈਟ ਦੀ ਮਿਸ਼ਰਤ ਸਲਾਨਾ ਵਿਕਾਸ ਦਰ ਹੈ ਕਿਉਂਕਿ ਸਾਲ 2012-17 ਵਿੱਚ ਜੀ.ਐਸ.ਟੀ ਨਹੀਂ ਸੀ। 3 ਸਾਲਾਂ ਦੇ ਜੀ.ਐਸ.ਟੀ ਦੀ ਮਿਸ਼ਰਤ ਸਲਾਨਾ ਵਿਕਾਸ ਦਰ (ਸੀ.ਏ.ਜੀ.ਆਰ) ਲਈ ਜਾ ਰਹੀ ਸੀ। # ਕੇਵਲ ਜੀ.ਐਸ.ਟੀ ਕੁਲੈਕਸ਼ਨ

# ਰੋਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ

# ਪੰਜਾਬ ਸਰਕਾਰ ਦੇ ਵਿਭਾਗਾਂ ਵਿੱਚ ਰੈਗੂਲਰ ਭਰਤੀ

| ਸਮਾਂ | ਭਰਤੀਆਂ ਦੇ ਅੰਕੜੇ | ਸਾਲਾਨਾ ਔਸਤ |
|---|---|---|
| 01.04.2017 ਤੋਂ 17.03.2022 | 56,623 | 11,325 |
| 18.03.2022 ਤੋਂ 15.10.2023 | 37,100 | 23,432 |

| # | ਪ੍ਰਬੰਧਕੀ ਵਿਭਾਗ | ਪਿਛਲੇ 19 ਮਹੀਨਿਆਂ ਵਿੱਚ ਚੋਟੀ ਦੇ 9 ਵਿਭਾਗਾਂ ਵਿੱਚ ਭਰਤੀਆਂ ਦੇ ਅੰਕੜੇ |
|---|---|---|
| 1 | ਸਕੂਲ ਸਿੱਖਿਆ ਵਿਭਾਗ | 9,931 |
| 2 | ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ | 6,182 |
| 3 | ਬਿਜਲੀ ਵਿਭਾਗ | 3,757 |
| 4 | ਸਥਾਨਕ ਸਰਕਾਰਾਂ ਬਾਰੇ ਵਿਭਾਗ | 3,536 |
| 5 | ਮਾਲ ਵਿਭਾਗ | 2,412 |
| 6 | ਜਲ ਸਰੋਤ ਵਿਭਾਗ | 1,536 |
| 7 | ਮੈਡੀਕਲ ਸਿੱਖਿਆ ਵਿਭਾਗ | 1,110 |
| 8 | ਸਿਹਤ ਵਿਭਾਗ | 952 |
| 9 | ਜੇਲ੍ਹ ਵਿਭਾਗ | 899 |

# ਪ੍ਰਸੋਨਲ

# ਸਰਕਾਰੀ ਦਫਤਰਾਂ ਦਾ ਸਮਾਂ ਅਗਾਊਂ ਕਰਨ ਦੇ ਫਾਇਦੇ

- ਸਰਕਾਰੀ ਦਫਤਰਾਂ ਦਾ ਸਮਾਂ ਸਵੇਰੇ 7.30 ਵਜੇ ਤੋਂ ਦੁਪਹਿਰ 2.00 ਵਜੇ ਤੱਕ ਕੀਤਾ ਗਿਆ।
- ਸਿੱਟੇ ਵਜੋਂ, ਬਿਜਲੀ ਦੇ 4.5 ਲੱਖ ਯੂਨਿਟ ਬਚਾਏ ਗਏ।
- ਪੀਕ-ਡਿਮਾਂਡ (Peak demand) 250 ਮੈਗਾਵਾਟ ਘੱਟ ਗਈ, ਜਿਸ ਨਾਲ ਬਿਜਲੀ ਦੀ ਮੰਗ ਨੂੰ ਜ਼ਿਆਦਾ ਉਚਿਤ ਢੰਗ ਨਾਲ ਪ੍ਰਬੰਧਤ ਕੀਤਾ ਗਿਆ।
- ਆਮ ਲੋਕ ਦੁਪਹਿਰ ਤੱਕ ਸਰਕਾਰੀ ਦਫਤਰਾਂ ਤੋਂ ਕੰਮ ਕਰਵਾ ਕੇ ਆਪਣਾ ਰੁਜ਼ਗਾਰ ਕਰਨ ਲਈ ਵਿਹਲੇ ਹੋ ਜਾਂਦੇ ਸਨ।
- ਇਸ ਕਦਮ ਨਾਲ ਟਰੈਫਿਕ ਖਿੱਲਰਵਾਂ (staggered) ਹੋ ਗਿਆ ਅਤੇ ਜਨਤਾ ਨੂੰ ਸੌਖ ਹੋ ਗਈ।
- ਹੋਰ ਸੂਬੇ ਵੀ ਪੰਜਾਬ ਦੀ ਦੇਖਾ-ਦੇਖੀ ਇਹ ਕਦਮ ਚੁੱਕਣ ਦੀ ਸੋਚ ਰਹੇ ਹਨ।

# ਕਰਮਚਾਰੀਆਂ ਨੂੰ ਪੱਕਾ ਕੀਤਾ ਗਿਆ

- 10 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਐਡਹਾਕ, ਠੇਕਾ, ਡੇਅਲੀ-ਵੇਜ, ਵਰਕ-ਚਾਰਜਡ ਅਤੇ ਟੈਂਪਰਰੀ ਕਰਮਚਾਰੀਆਂ ਨੂੰ ਪੱਕਾ ਕੀਤਾ ਗਿਆ।
- ਪਹਿਲਾਂ ਇਹ ਕਰਮਚਾਰੀ ਪਾਣੀ ਦੀਆਂ ਟੈਂਕੀਆਂ ਤੇ ਚੜ੍ਹਦੇ ਸਨ ਅਤੇ ਪਾਣੀ ਦੀਆਂ ਬੌਛਾਰਾਂ ਸਹਿੰਦੇ ਸਨ।
- ਹੁਣ ਤੱਕ 12,351 ਅਧਿਆਪਕ ਪੱਕੇ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੀ ਤਨਖਾਹ ਵਿੱਚ ਔਸਤਨ ਦੋ ਤੋਂ ਤਿੰਨ ਗੁਣਾ ਦਾ ਵਾਧਾ ਹੋਇਆ ਹੈ।
- ਲੱਗਭੱਗ 9,000 ਹੋਰ ਕਰਮਚਾਰੀਆਂ ਨੂੰ ਪੱਕਾ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰਕਿਰਿਆ ਨੂੰ 31.12.2023 ਤੱਕ ਮੁਕੰਮਲ ਕਰ ਲਿਆ ਜਾਵੇਗਾ।

# ਇਨਵੈਸਟ ਪੰਜਾਬ ਅਤੇ ਉਦਯੋਗ ਤੇ ਕਾਮਰਸ ਵਿਭਾਗ

# ਪੰਜਾਬ ਵਿੱਚ ਵਪਾਰਕ ਮਾਹੌਲ ਬਣਾਉਣ ਸਬੰਧੀ

- ਮੁੰਬਈ, ਚੇਨਈ, ਹੈਦਰਾਬਾਦ ਦੇ ਉਚੇਚੇ ਤੌਰ ’ਤੇ ਦੌਰੇ ਕੀਤੇ ਅਤੇ ਟਾਟਾ ਗਰੁੱਪ, ਮਹਿੰਦਰਾ ਗਰੁੱਪ, ਗੋਦਰੇਜ ਗਰੁੱਪ, **HUL, JSW** ਗਰੁੱਪ, ਬਿਰਲਾ ਗਰੁੱਪ, **HMEL, ITC** ਨਾਲ ਮੁਲਾਕਾਤਾਂ ਕੀਤੀਆਂ ।
- ਮੈਮੋਰੈਂਡਮ ਦਿਲ ਤੋਂ, ਪਰ ਐਮ.ਓ.ਯੂ. ਨਹੀਂ – **3751** ਪ੍ਰਾਜੈਕਟ, **56,796** ਕਰੋੜ ਰੁਪਏ ਨਿਵੇਸ਼ ਅਤੇ **2,98,012** ਰੁਜ਼ਗਾਰ

| ਨਿਵੇਸ਼ ਦੀ ਮਿਆਦ | ਨਿਵੇਸ਼ (ਕਰੋੜਾਂ ਰੁਪਏ ਵਿੱਚ) | ਸਾਲਾਨਾ ਔਸਤ |
|---|---|---|
| ਪਿਛਲੇ 18 ਮਹੀਨੇ | 56,796 | **37,864** |
| 2017 – 2022 | 1,17,048 | **23,410** |
| 2013 – 2017 | 32,995 | **10,152** |

# ਪ੍ਰੋਤਸਾਹਨ (Incentives)

- ਪਿਛਲੇ 1 ਸਾਲ ਅਤੇ 6 ਮਹੀਨਿਆਂ ਵਿੱਚ 4,429 ਕਰੋੜ ਰੁਪਏ ਦੇ Incentives ਜਾਰੀ ਕੀਤੇ ਗਏ ਹਨ। ਜਿਸ ਦੀ ਸਾਲਾਨਾ ਔਸਤ **2952** ਕਰੋੜ ਰੁਪਏ ਬਣਦੀ ਹੈ।
- 2017 - 2022 ਵਿੱਚ 7,209 ਕਰੋੜ ਰੁਪਏ ਦੇ Incentives ਜਾਰੀ ਕੀਤੇ ਗਏ ਹਨ। ਜਿਸ ਦੀ ਸਾਲਾਨਾ ਔਸਤ **1442** ਕਰੋੜ ਰੁਪਏ ਬਣਦੀ ਹੈ।

ਸਾਲ 2022-2023 ਵਿੱਚ 2.98 ਲੱਖ **MSMEs** ਦੁਆਰਾ ਰਜਿਸਟ੍ਰੇਸ਼ਨ ਵਿੱਚ ਪੰਜਾਬ ਉੱਤਰੀ ਭਾਰਤ ਵਿੱਚ ਸਭ ਤੋਂ ਸਿਖ਼ਰਲੇ ਸਥਾਨ 'ਤੇ ਹੈ।

# ਗ੍ਰੀਨ ਸਟੈਂਪ ਪੇਪਰ ਦੀਆਂ ਮੁੱਖ ਵਿਸ਼ੇਸ਼ਤਾਵਾਂ

- ਜਾਣਕਾਰੀ/ਗਿਆਨ ਦੀ ਘਾਟ ਹੋਣ ਕਾਰਨ, ਕਈ ਵਾਰ ਨਿਵੇਸ਼ਕ ਖੇਤੀਬਾੜੀ/ਰਿਹਾਇਸ਼ੀ ਜ਼ੋਨਾਂ ਵਿੱਚ ਜ਼ਮੀਨ ਖਰੀਦ ਲੈਂਦੇ ਸਨ।
- ਪੰਜਾਬ ਇਸ ਪਹਿਲ ਨੂੰ ਸ਼ੁਰੂ ਕਰਨ ਵਾਲਾ ਦੇਸ਼ ਦਾ ਪਹਿਲਾ ਰਾਜ।
- ਹੁਣ 6 ਵਿਭਾਗਾਂ ਦੁਆਰਾ ਨਿਰਧਾਰਤ ਸਮਾਂ-ਸੀਮਾ ਵਿੱਚ ਸਿੰਗਲ ਵਿੰਡੋ ਸਿਸਟਮ ਰਾਹੀਂ ਪ੍ਰੀ-ਪ੍ਰਵਾਨਗੀਆਂ ਦਿੱਤੀਆਂ ਜਾਂਦੀਆਂ ਹਨ।

# ਨਵੇਂ ਅਤੇ ਮੌਜੂਦਾ ਉਦਯੋਗ ਦੀਆਂ ਚਿੰਤਾਵਾਂ ਦਾ ਹੱਲ ਕਰਨਾ

- ਵਟਸਐਪ ਹੈਲਪਲਾਈਨ ਜੁਲਾਈ **2023** ਵਿੱਚ ਸ਼ੁਰੂ ਕੀਤੀ **- 1600** ਤੋਂ ਵੱਧ ਸੁਝਾਅ **।**
- ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮੁਹਾਲੀ ਵਿਖੇ 70 ਉਦਯੋਗਿਕ ਐਸੋਸੀਏਸ਼ਨਾਂ ਅਤੇ 1500 ਸਨਅਤਕਾਰਾਂ ਨਾਲ ਨਿੱਜੀ ਗੱਲਬਾਤ ਕੀਤੀ ਗਈ।

**58** ਨੀਤੀਗਤ ਘੋਸ਼ਣਾਵਾਂ

- ਮਾਈਨਿੰਗ ਫੀਸ ਮੁਆਫ ਕੀਤੀ ਗਈ ।
- PPCB ਦੁਆਰਾ Auto-renewal ਸੁਵਿਧਾ – 7000 MSMEs ਨੂੰ ਲਾਭ।
- ਕੰਪਾਊਂਡਿੰਗ ਫੀਸ 143 ਰੁਪਏ ਤੋਂ 20 ਰੁਪਏ ਪ੍ਰਤੀ ਵਰਗ ਫੁੱਟ ਘਟਾਈ ਗਈ ।

**26** ਪ੍ਰਮੁੱਖ ਉਦਯੋਗਿਕ ਖੇਤਰਾਂ ਲਈ **Industrial Advisory Commission,** ਕੈਬਨਿਟ-ਦਰਜਾ ਪ੍ਰਾਪਤ ਵਿਅਕਤੀਆਂ ਦੀ ਅਗਵਾਈ ਵਿੱਚ **।**

# ਬਿਜਲੀ ਵਿਭਾਗ

# ਬਿਜਲੀ ਸਪਲਾਈ ਦੀ ਸਥਿਤੀ

| ਵਰਣਨ | 2021 | 2023 |
|---|---|---|
| ਘਰੇਲੂ, ਵਪਾਰਕ ਅਤੇ ਹੋਰ ਸ਼੍ਰੇਣੀਆਂ | ਪਾਵਰ ਕੱਟ:<br>ਪੇਂਡੂ ਖੇਤਰ: 8 ਤੋਂ 10.30 ਘੰਟੇ<br>ਸ਼ਹਿਰੀ ਖੇਤਰ: 4 ਤੋਂ 6 ਘੰਟੇ | ਕੋਈ ਪਾਵਰ ਕੱਟ ਨਹੀਂ |
| ਉਦਯੋਗਿਕ | ਉਦਯੋਗ 'ਤੇ 12 ਦਿਨਾਂ ਲਈ ਹਫ਼ਤਾਵਾਰੀ ਬੰਦੀ 01.07.21 ਤੋਂ 12.07.21 ਤੱਕ (2 ਤੋਂ 4 ਦਿਨਾਂ ਦੇ ਗਰੁੱਪਾਂ ਵਿੱਚ ) | ਕੋਈ ਪਾਵਰ ਕੱਟ ਨਹੀਂ |
| ਖੇਤੀਬਾੜੀ | ਝੋਨੇ ਦੇ ਸੀਜ਼ਨ ਦੌਰਾਨ 6 ਘੰਟੇ ਪ੍ਰਤੀ ਦਿਨ ਅਨਿਯਮਿਤ ਸਪਲਾਈ | ਝੋਨੇ ਦੇ ਸੀਜ਼ਨ ਦੌਰਾਨ ਪ੍ਰਤੀ ਦਿਨ 10 ਘੰਟੇ ਤੱਕ ਨਿਰਵਿਘਨ ਸਪਲਾਈ |

# ਘਰੇਲੂ ਸਬਸਿਡੀ

| ਸਾਲ | ਸਬਸਿਡੀ ਬਣਤਰ | ਜ਼ੀਰੋ ਬਿੱਲ |
|---|---|---|
| ਜੁਲਾਈ 2022 ਤੋਂ ਬਾਅਦ | ਬਿਨਾਂ ਕਿਸੇ ਲੋਡ ਸੀਮਾ ਦੇ 300/600 ਯੂਨਿਟ ਮੁਫ਼ਤ ਪ੍ਰਤੀ ਮਹੀਨਾ/ਦੋ ਮਹੀਨੇ | 90% ਤੱਕ |

ਪੰਜਾਬ ਦੇ ਲੋਕਾਂ ਨਾਲ ਕੀਤੇ ਸਾਡੇ ਵੱਡੇ ਵਾਅਦਿਆਂ ਵਿੱਚੋਂ ਇਸ ਨੂੰ ਪੂਰਾ ਕੀਤਾ ਗਿਆ ਹੈ

# ਸਬਸਿਡੀ ਦਾ ਭੁਗਤਾਨ (₹ ਕਰੋੜ ਵਿੱਚ)

| ਸਾਲ | ਕੁਲ ਬਣਦੀ ਸਬਸਿਡੀ | ਕੁਲ ਸਬਸਿਡੀ ਦਾ ਭੁਗਤਾਨ | ਬਕਾਇਆ ਸਬਸਿਡੀ | ਕੁਲ ਬਕਾਇਆ ਸਬਸਿਡੀ |
|---|---|---|---|---|
| 2007-17 (10 ਸਾਲ) | 43,458 | 41,116 | 2,342 | 2,342 |
| 2017-22 (5 ਸਾਲ) | 54,786 | 48,108 | 6,678 | 9,020 |
| 2022-23 | 16,434 | 20,200* | 0 | ਬਕਾਇਆ ਸਬਸਿਡੀ 5 ਸਾਲਾਨਾ ਕਿਸ਼ਤਾਂ ਵਿੱਚ ਅਦਾ ਕੀਤੀ ਜਾਵੇਗੀ। ₹1,804 ਕਰੋੜ ਦੀ ਪਹਿਲੀ ਕਿਸ਼ਤ ਸਮੇਤ ₹ 664 ਕਰੋੜ ਵਿਆਜ ਦਾ ਭੁਗਤਾਨ ਕੀਤਾ। ਬਕਾਇਆ ₹ 7,216 ਕਰੋੜ। |
| 2023-24 (ਅਕਤੂਬਰ 23 ਤੱਕ) | 12,319 | 12,319 | 0 | ₹ 1,804 ਕਰੋੜ ਦੀ ਦੂਜੀ ਕਿਸ਼ਤ ਸਮੇਤ ਵਿਆਜ ₹ 664 ਕਰੋੜ ਮਾਰਚ 2024 ਤੱਕ ਭੁਗਤਾਨ ਕੀਤਾ ਜਾਵੇਗਾ। |

*31.12.2021 ਤੱਕ ਬਕਾਇਆ ਘਰੇਲੂ ਬਿੱਲਾਂ ਦੀ ਮੁਆਫੀ ਵਜੋਂ 1298 ਕਰੋੜ ਰੁਪਏ ਅਤੇ 1804 ਕਰੋੜ ਰੁਪਏ ਦੀ ਕਿਸ਼ਤ ਪਿਛਲੇ ਸਾਲਾਂ ਦੀ ਬਕਾਇਆ ਸਬਸਿਡੀ ਸਮੇਤ 664 ਕਰੋੜ ਰੁਪਏ ਵਿਆਜ ਦਾ ਭੁਗਤਾਨ ਕੀਤਾ ਗਿਆ ਹੈ।

# ਪਛਵਾੜਾ ਕੋਲਾ ਖਾਣ

- ਕੋਲਾ ਖਾਣ ਮਾਰਚ 2015 ਤੋਂ 7 ਸਾਲਾਂ ਤੱਕ ਬੰਦ ਰਹੀ।
- ਸੂਬੇ ਦੇ ਥਰਮਲ ਪਲਾਂਟਾਂ ਨੂੰ ਕੋਲੇ ਦੀ ਘਾਟ ਦਾ ਸਾਹਮਣਾ ਕਰਨਾ ਪਿਆ ।
- ਮੁੱਖ ਮੰਤਰੀ, ਪੰਜਾਬ ਨੇ ਕੋਲੇ ਦੀ ਖਾਣ ਦੇ ਸੰਚਾਲਨ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਕੇਂਦਰੀ ਬਿਜਲੀ ਮੰਤਰੀ ਅਤੇ ਝਾਰਖੰਡ ਦੇ ਮੁੱਖ ਮੰਤਰੀ ਨਾਲ ਸੰਪਰਕ ਕਰਕੇ ਮੁੱਦੇ ਹੱਲ ਕੀਤੇ।
- ਦਸੰਬਰ 2022 ਵਿੱਚ, ਕੋਲੇ ਦੀ ਖਾਣ ਚਾਲੂ ਕੀਤੀ ਅਤੇ ਸੂਬੇ ਦੇ ਥਰਮਲ ਪਲਾਂਟਾਂ ਨੂੰ ਕੋਲੇ ਦੀ ਸਪਲਾਈ ਸ਼ੁਰੂ ਹੋਈ ।
- ਖਾਣ ਦੀ ਸਾਲਾਨਾ ਖਣਨ ਸਮਰੱਥਾ 70 ਲੱਖ ਟਨ ਹੈ ਅਤੇ 31.10.2023 ਤੱਕ ਰੋਪੜ ਅਤੇ ਲਹਿਰਾ ਮੁਹੱਬਤ ਪਲਾਂਟਾਂ ਨੂੰ ਪਛਵਾੜਾ ਕੋਲਾ ਖਾਣ ਤੋਂ ਲਗਭਗ 24 ਲੱਖ ਟਨ ਕੋਲਾ (600 ਰੇਲਵੇ ਰੇਕ) ਪ੍ਰਾਪਤ ਹੋ ਚੁੱਕੇ ਹਨ ।
- 2023 ਦੌਰਾਨ ਕੋਈ ਇਮਪੋਰਟੇਡ ਕੋਲਾ ਨਹੀਂ ਵਰਤਿਆ ਗਿਆ ।
- ਪਛਵਾੜਾ ਕੋਲਾ ਖਾਣ ਦੇ ਚਾਲੂ ਹੋਣ ਨਾਲ ਪ੍ਰਤੀ ਸਾਲ 600 ਕਰੋੜ ਰੁਪਏ ਦੀ ਬੱਚਤ ਹੋਈ ।

# ਸੂਰਜੀ ਊਰਜਾ ਖ਼ਰੀਦ ਸਮਝੌਤੇ

| ਸਾਲ | ਸੂਰਜੀ ਊਰਜਾ ਖ਼ਰੀਦ ਸਮਝੌਤੇ | ਬਿਜਲੀ ਦਰ |
|---|---|---|
| 2007-2017 (10 ਸਾਲ) | 951 ਮੈਗਾਵਾਟ | ਰੁ. 4.73 – 8.74 ਪ੍ਰਤੀ ਯੂਨਿਟ |
| ਅਪ੍ਰੈਲ 2022 - ਅਕਤੂਬਰ 2023 (1.5 ਸਾਲ) | 2500 ਮੈਗਾਵਾਟ | ਰੁ. 2.33 – 2.75 ਪ੍ਰਤੀ ਯੂਨਿਟ |

# ਉਪਲਬਧ ਟਰਾਂਸਮਿਸ਼ਨ ਸਮਰੱਥਾ
# (ਰਾਸ਼ਟਰੀ ਗਰਿੱਡ ਤੋਂ ਬਿਜਲੀ ਲੈਣ ਲਈ)

| ਸਾਲ | ਕੁੱਲ ਸਮਰੱਥਾ | ਸਮਰੱਥਾ ਵਿੱਚ ਵਾਧਾ |
|---|---|---|
| 2012 | 5,100 ਮੈਗਾਵਾਟ | - |
| 2016 | 5,900 ਮੈਗਾਵਾਟ | 800 ਮੈਗਾਵਾਟ<br>5 ਸਾਲਾਂ ਵਿੱਚ |
| 2021 | 7,400 ਮੈਗਾਵਾਟ | 1,500 ਮੈਗਾਵਾਟ<br>5 ਸਾਲਾਂ ਵਿੱਚ |
| 2023 | 9,000 ਮੈਗਾਵਾਟ | 1,600 ਮੈਗਾਵਾਟ<br>ਸਿਰਫ 1.5 ਸਾਲਾਂ ਵਿੱਚ |

# ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ

# ਆਮ ਆਦਮੀ ਕਲੀਨਿਕ (ਏ.ਏ.ਸੀ.)

- ਰਾਜ ਵਿੱਚ 664 ਏ.ਏ.ਸੀ ਕਾਰਜਸ਼ੀਲ ਹਨ ਜੋ ਕਿ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ।
- 664 ਏ.ਏ.ਸੀ ਵਿੱਚੋਂ 236 ਸ਼ਹਿਰੀ ਖੇਤਰਾਂ ਵਿੱਚ ਅਤੇ 428 ਪੇਂਡੂ ਖੇਤਰਾਂ ਵਿੱਚ ਹਨ।
- 80 ਕਿਸਮਾਂ ਦੀਆਂ ਦਵਾਈਆਂ ਅਤੇ 38 ਡਾਇਗਨੋਸਟਿਕ ਟੈਸਟ ਮੁਫਤ ਪ੍ਰਦਾਨ ਕੀਤੇ ਜਾ ਰਹੇ ਹਨ।
- ਮਰੀਜ਼ ਪ੍ਰਬੰਧਨ ਲਈ ਉੱਨਤ ਆਈ.ਟੀ ਬੁਨਿਆਦੀ ਢਾਂਚਾ।

# ਏ.ਏ.ਸੀ ਵਿਖੇ ਦਿੱਤੀਆਂ ਸੇਵਾਵਾਂ

- 65 ਲੱਖ ਤੋਂ ਵੱਧ ਮਰੀਜ਼ਾਂ ਨੇ ਏ.ਏ.ਸੀ ਵਿਖੇ 130 ਕਰੋੜ* ਰੁਪਏ ਦੀਆਂ ਸਿਹਤ ਸੇਵਾਵਾਂ ਦਾ ਮੁਫਤ ਲਾਭ ਲਿਆ।
- 350 ਕਰੋੜ* ਰੁਪਏ ਦੀਆਂ ਦਵਾਈਆਂ ਮੁਫਤ ਮੁਹੱਈਆ ਕਰਵਾਈਆਂ ਗਈਆਂ ਹਨ।
- 25 ਕਰੋੜ* ਰੁਪਏ ਦੇ 11 ਲੱਖ ਤੋਂ ਵੱਧ ਡਾਇਗਨੋਸਟਿਕ ਟੈਸਟ ਮੁਫਤ ਕੀਤੇ ਗਏ ਹਨ।

(ਏ.ਏ.ਸੀ. ਰਾਹੀਂ ਮਰੀਜ਼ਾਂ ਨੂੰ **500 ਕਰੋੜ*** ਰੁਪਏ ਦਾ ਇਲਾਜ ਮੁਫਤ ਮੁਹੱਈਆ ਕਰਵਾਇਆ ਗਿਆ ਹੈ।)









* ਸੇਵਾਂਵਾਂ ਦੇ ਮਾਰਕਿਟ ਮੁੱਲ ਅਨੁਸਾਰ

# ਸਿਹਤਮੰਦ ਪੰਜਾਬ

- ਸੈਕੰਡਰੀ ਸਿਹਤ ਸਹੂਲਤਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ:-
  - ਜ਼ਿਲ੍ਹਾ ਹਸਪਤਾਲ
  - ਸਬ-ਡਵੀਜ਼ਨਲ ਹਸਪਤਾਲ
  - ਕਮਿਊਨਿਟੀ ਹੈਲਥ ਸੈਂਟਰ
- ਪਹਿਲੇ ਪੜਾਅ 'ਚ 40 ਹਸਪਤਾਲਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ।
- ਪ੍ਰਾਜੈਕਟ ਦੀ ਅਨੁਮਾਨਿਤ ਲਾਗਤ 550 ਕਰੋੜ ਰੁਪਏ ਹੈ।

# ਸਕੂਲ ਸਿੱਖਿਆ ਵਿਭਾਗ, ਪੰਜਾਬ

# ਸਕੂਲ ਆਫ ਐਮੀਨੈਂਸ (200 ਕਰੋੜ ਰੁਪਏ)

- 117 ਸਟੇਟ ਆਫ ਆਰਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ।
- ਸਕੂਲ ਆਫ ਐਮੀਨੈਂਸ ਦੇ ਪਹਿਲੇ ਸਾਲ ਦੌਰਾਨ 8358 ਵਿਦਿਆਰਥੀਆਂ ਨੇ ਦਾਖਲਾ ਲਿਆ।
- ਸਕੂਲ ਆਫ ਐਮੀਨੈਂਸ ਸਕੀਮ ਤਹਿਤ ਸਕੂਲਾਂ ਦੇ ਬੁਨਿਆਦੀ ਢਾਂਚੇ ਅਤੇ ਖੇਡ ਸਹੂਲਤਾਂ ਨੂੰ ਵਿਕਸਿਤ ਕਰਨ ਤੇ ਵਿਦਿਆਰਥੀਆਂ ਨੂੰ ਮੁਫਤ ਵਰਦੀ ਮੁਹੱਈਆ ਕਰਵਾਉਣ ਲਈ 200 ਕਰੋੜ ਦੀ ਰਾਸ਼ੀ ਨਿਰਧਾਰਿਤ।
